# ਭਾਗ-6

ਜੇ ਸਾਡੇ ਤਨ ਦੇ ਕਪੜਿਆਂ ਨੂੰ ਅੱਗ ਲਗ ਜਾਵੇ, ਤਾਂ ਅਸੀਂ ਆਪਣੀ ਅੱਗ ਨੂੰ ਬੁਝਾਉਣ ਤੋਂ ਬੇਵਸ (helpless) ਹੁੰਦੇ ਹਾਂ। ਅਸੀਂ ਘਬਰਾ ਕੇ ਜਿੰਨੀ ਭੱਜ-ਦੌੜ ਕਰਦੇ ਹਾਂ—ਉਤਨੀ ਹੀ ਹਵਾ ਨਾਲ ਅੱਗ ਵੱਧਦੀ ਜਾਂਦੀ ਹੈ। ਕੋਈ ਦੂਜਾ ਬੰਦਾ ਹੀ ਸਾਡੀ ਅੱਗ ਬੁਝਾਉਣ ਲਈ ਕੋਈ ਓਹੜ-ਪੋਹੜ ਜਾਂ ਉਪਰਾਲਾ ਕਰ ਸਕਦਾ ਹੈ।

ਏਸੇ ਤਰ੍ਹਾਂ ਸਾਡੀ ਅੰਦਰਲੀ ਗੁੱਝੀ ਮਾਨਸਿਕ ਅਗਨੀ ਨੂੰ ਅਸੀਂ ਅਪਣੇ ਆਪ ਬੁਝਾਉਣ ਤੋਂ ਅਸਮਰਥ ਹਾਂ। ਇਸੇ ਕਰਕੇ ਅਸੀਂ ਇਸ ਗੁੱਝੀ ਅੱਗ ਵਿਚ ਕਈ ਜਨਮਾਂ ਅਤੇ ਜੁਗਾਂ ਤੋਂ ਜਲਦੇ-ਬਲਦੇ-ਸੜਦੇ ਆਏ ਹਾਂ।

ਪਹਿਲਾਂ ਤਾਂ ਸਾਨੂੰ ਇਹ ਸੋਝੀ ਹੀ ਨਹੀਂ ਅਤੇ ਨਾ ਹੀ ਮੰਨਣ ਨੂੰ ਤਿਆਰ ਹਾਂ, ਕਿ ਸਾਡੇ ਅੰਦਰ ਭੀ ਕੋਈ ਅੱਗ ਲੱਗੀ ਹੋਈ ਹੈ! ਏਸੇ ਕਰਕੇ ਅਸੀਂ ਆਪਣੀ ਅੰਦਰਲੀ ਅੱਗ ਤੋਂ ਬੇ-ਖਬਰ, ਬੇ-ਪ੍ਵਾਹ ਅਤੇ ਅਵੇਸਲੇ ਹੋਏ ਪਏ ਹਾਂ। ਜੇ ਕਰ ਕਿਸੇ ਗੁਰਮੁਖ ਜਨ ਤੋਂ ਜਾਂ ਕੁਰਬਾਣੀ ਦੁਆਰਾ ਸਾਨੂੰ ਸੋਝੀ ਭੀ ਆ ਜਾਵੇ , ਤਾਂ ਅਸੀਂ ਜੋ ਭੀ ਉਪਾਉ ਕਰਦੇ ਹਾਂ—ਉਸ ਦੀ 'ਤਹਿ' ਵਿਚ 'ਹਉਮੈ' ਦੀ ਅੰਸ਼ ਯਾ ਉਪਾਧੀ ਹੁੰਦੀ ਹੈ, ਜਿਸ ਨਾਲ ਸਾਡੀ 'ਅੱਗ'—ਘਟਣ ਦੀ ਬਜਾਇ, ਹੋਰ ਵਧਦੀ ਜਾਂਦੀ ਹੈ!!

ਜਦ ਸਾਡੇ ਕਪੜਿਆਂ ਨੂੰ ਅੱਗ ਲੱਗ ਜਾਵੇ, ਤਾਂ ਅਸੀਂ ਹਾਲ-ਦੁਹਾਈ ਮਚਾਉਂਦੇ ਹਾਂ ਅਤੇ ਸਹਾਇਤਾ ਲਈ ਭੱਜਦੇ ਹਾਂ।

ਇਸੇ ਤਰ੍ਹਾਂ ਜੇ ਸਾਨੂੰ ਨਿਸਚਾ ਹੋ ਜਾਵੇ ਕਿ ਸਾਨੂੰ ਇਹ ਗੁੱਝੀ ਅੱਗ ਲਗੀ ਹੋਈ ਹੈ, ਤਾਂ ਗੁਰਬਾਣੀ ਸਾਨੂੰ ਸਾਧ-ਸੰਗਤ ਦੀ ਸਰਣ ਵਿਚ ਭੱਜ ਕੇ ਜਾਣ ਦੀ ਸਿਖਿਆ ਦਿਦੀ ਹੈ। ਪਰ ਉਨ੍ਹਾਂ ਗੁਰਮੁਖ ਜਨਾਂ ਦੀ ਸੰਗਤ ਦੀ ਸਿਫਾਰਸ਼

ਹੈ, ਜਿਨ੍ਹਾਂ ਨੂੰ ਇਹ ਅੱਗ ਨਹੀਂ ਲਗੀ। ਜਾਂ ਜਿਨ੍ਹਾਂ ਕੋਲ ਨਾਮ ਦੀ 'ਠੰਢ' ਹੈ!! ਉਹੀ ਸਾਨੂੰ ਇਸ ਗੁੱਝੀ ਅਗਨੀ ਤੋਂ ਬਚਾਉਣ ਦੇ ਸਮਰਥ ਹਨ। ਜਿਹੜੇ ਆਪ ਹੀ ਇਸ ਗੁੱਝੀ ਅੱਗ ਨਾਲ ਸੜ ਰਹੇਹਨ, ਉਹ ਅੰਦਰਲੀ ਅੱਗ ਨੂੰ ਕਿਵੇਂ ਬੁਝਾ ਸਕਦੇ ਹਨ, ਬਲਕਿ ਵਧਾ ਦੇਣਗੇ।

ਗੁਆਂਢੀਆਂ ਦੇ ਘਰ 'ਅੱਗ' ਲਗੀ ਹੋਵੇ ਤਾਂ ਅਸੀਂ ਅਪਣੇ ਘਰ ਨੂੰ ਅੱਗ ਤੋਂ ਬਚਾਉਣ ਦਾ ਉਦਮ ਕਰਦੇ ਹਾਂ—ਪਰ ਜਦ ਸਾਰਾ ਸੰਸਾਰ ਹੀ—

'ਆਤਸ ਦੁਨੀਆ'
'ਅਗਨ ਕੁੰਟ'
'ਅਗਨ ਸੋਕ ਸਾਗਰ'
'ਕਲਿ ਤਾਤੀ'

ਅਨੁਸਾਰ ਅੱਗ ਦਾ ਭਾਂਬੜ ਬਣਿਆ ਹੋਇਆ ਹੈ, ਤਾਂ ਅਸੀਂ ਅਪਣੇ ਆਪ ਨੂੰ ਕਿਵੇਂ ਬਚਾ ਸਕਦੇ ਹਾਂ?

ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥
(ਪੰਨਾ–12)

ਅਗਨਿ ਕੁਟੰਬ ਸਾਗਰ ਸੰਸਾਰ ॥
ਭਰਮ ਕੁਟੰਬ ਸਾਗਰ ਸੰਸਾਰ ॥ (ਪੰਨਾ–675)

ਇਸੇ ਕਰਕੇ ਗੁਰੂ ਬਾਬੇ ਨੇ ਸਾਨੂੰ ਇਸ ਤੋਂ ਬਚਣ ਲਈ ਗੁਰਬਾਣੀ ਦੁਆਰਾ ਹੇਠਲੇ ਉਪਦੇਸ਼ ਦਿਤੇ ਹਨ—

ਜਗਤੁ ਜਲੰਦਾ ਦੇਖਿ ਕੈ ਭਜਿ ਪਏ ਸਰਣਾਈ ॥ (ਪੰਨਾ–424)

ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਹਰਿ ਸਰਣਾਈ ਰਾਮ ॥
ਦੀਨ ਦੀਇਆਲ ਕ੍ਰਿਪਾਲ ਪ੍ਰਭ ਨਾਨਕ ਸਾਧ ਸੰਗਿ ਮੇਰੀ ਜਲਨਿ ਬੁਝਾਈ॥
(ਪੰਨਾ–2●4)

ਭਇਓ ਕ੍ਰਿਪਾਲ ਸਤਸੰਗਿ ਮਿਲਾਇਆ ॥

ਬੂਝੀ ਤਪਤਿ ਘਰਹਿ ਪਿਰੁ ਪਾਇਆ ।  (ਪੰਨਾ-738)

'ਸਾਧ ਸੰਗਤ' ਵਿਚ ਹੀ 'ਮਾਨਸਿਕ ਅਗਨੀ' ਨੂੰ ਬੁਝਾਉਣ ਲਈ 'ਠੰਢੇ ਹਰਿ ਨਾਮੁ' ਦਾ ਵਰਤ-ਵਰਤਾਰਾ ਹੁੰਦਾ ਹੈ।

ਅਸਲ ਵਿਚ ਆਤਮਿਕ ਮੰਡਲ ਅੰਦਰ, ਇਹ 'ਇਲਾਹੀ ਵਣਜ-ਵਪਾਰ' ਜਾਂ 'ਲੇਵਾ-ਦੇਵੀ' ਸਤਿਗੁਰੂ ਆਪ ਹੀ ਆਪਣੀ ਮੌਜ ਵਿਚ, ਦੋਹੀਂ ਪਾਸੀਂ ਆਪੇ ਹੀ ਕਰ ਰਹੇ ਹੁਦੇ ਹਨ।

ਆਪੇ ਸਾਜੇ ਆਪੇ ਰੰਗੇ ਨਦਰਿ ਕਰੇਇ ॥  (ਪੰਨਾ-722)

ਇਸ ਇਲਾਹੀ ਮੰਡਲ ਦੇ ਵਪਾਰ ਵਿਚ—

'ਤੋਟਾ ਮੂਲ ਨ ਹੋਵਈ'
'ਸਦਾ ਲਾਭ'
'ਵਧਦੋ ਜਾਈ'

ਦਾ ਵਰਤਾਰਾ ਹੈ।

ਇਸ ਇਲਾਹੀ ਮੰਡੀ ਵਿਚ 'ਸੱਚ', 'ਨਾਮ' ਦੀ 'ਇਕਤ ਹੱਟ' ਹੈ, ਅਤੇ ਇਥੇ 'ਸੱਚ' ਦੇ 'ਇਕ-ਭਾਂਤੀ' ਵਪਾਰੀ ਆਉਂਦੇ ਹਨ, ਤੇ 'ਹਰਿ ਨਾਮ' ਦਾ ਲਾਹਾ ਲੈ ਜਾਂਦੇ ਹਨ।

ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥
ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥
ਸੰਤਨ ਮੋ ਕਉ ਸਉਪੀ ਤਉ ਉਤਰਿਆ ਮਨ ਕਾ ਧੋਖਾ ॥
(ਪੰਨਾ-614)

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥
ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥
ਭਾਈ ਰੇ ਰਾਮੁ ਕਹਹੁ ਚਿਤੁ ਲਾਇ ॥
ਹਰਿ ਜਸੁ ਵਖਰੁ ਲੈ ਚਲਹੁ ਸਹੁ ਦੇਖੈ ਪਤੀਆਇ ॥  (ਪੰਨਾ-22)
ਵਣਜਾਰਿਆ ਜਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥

(ਪੰਨਾ-595)

ਇਹ ਆਤਮਿਕ ਮੰਡਲ ਦੀਆਂ ਅਨੂਪ ਅਤੇ ਸਾਰ ਵਸਤੂਆਂ ਦਾ ਵਪਾਰ, ਸਿਰਫ ਇਲਾਹੀ ਵਣਜਾਰੇ, ਗੁਰਮੁਖ ਪਿਆਰਿਆਂ ਦੇ ਵਿਚਕਾਰ ਹੀ ਹੋ ਸਕਦਾ ਹੈ। ਇਸ ਦੀ ਇਕੋ-ਇਕ 'ਇਕਤ ਹੱਟ' ਹੈ, ਜਿਸ ਨੂੰ ਗੁਰਬ੍ਾਣੀ ਵਿਚ—

ਸਾਧ ਸੰਗਤ
ਸੰਤ ਮੰਡਲੀ
ਸਤ ਸੰਗਤ

ਕਿਹਾ ਗਿਆ ਹੈ।

'ਅੰਮ੍ਰਿਤ ਛਕਾਉਣਾ' ਭੀ ਇਸੇ ਗੁੱਝੀ ਇਲਾਹੀ ਰਾਸ ਦੇ ਵਪਾਰ, 'ਲੇਵਾ-ਦੇਵੀ' ਅਤੇ 'ਖਮੀਰ' ਦਾ ਹੀ ਪ੍ਰਤੀਕ ਤੇ ਪ੍ਰਗਟਾਵਾ ਹੈ।

ਇਹ 'ਇਕਤ ਹੱਟ', ਕਿਤੇ ਬਾਹਰਲੇ ਦੇਸ਼ ਜਾਂ ਟਾਪੂ ਵਿਚ ਨਹੀਂ ਹੈ, ਬਲਕਿ ਇਹ ਤਾਂ ਸਾਡੇ ਅੰਤਰ ਆਤਮੇ—

ਪ੍ਰੇਮ ਸਵੈਪਨਾ
ਪ੍ਰੇਮ ਭਾਵਨਾ
ਆਤਮਿਕ ਪਿਆਰ
ਪ੍ਰੀਤ ਖਿੱਚ
ਸ਼ਰਧਾ ਭਾਵਨੀ
ਚੁਪ ਪ੍ਰੀਤ
ਇਲਾਹੀ ਮੰਡਲ

ਵਿਚ ਪ੍ਰਵੇਸ਼ ਹੈ।

ਦੂਜੇ ਲਫ਼ਜਾਂ ਵਿਚ, ਜਿਸ 'ਇਲਾਹੀ ਮੰਡਲ' ਵਿਚ ਇਹਨਾਂ ਇਲਾਹੀ—

ਸਾਰ ਵਸਤੂਆਂ
ਅਨੂਪ ਵਸਤੂਆਂ
ਸੱਚ ਵਸਤੂ
ਆਤਮਿਕ ਖ਼ਮੀਰ

ਭਗਤ–ਭੰਡਾਰ

ਪ੍ਰਿਮ–ਰਸ

ਆਤਮ–ਰੰਗ

ਮਜੀਠ–ਰੰਗ

ਤਤ–ਸ਼ਬਦ

'ਨਾਮ–ਧਨ'

ਇਲਾਹੀ ਰਾਸ

ਪ੍ਰਿਮ–ਪਿਆਲਾ

ਨਾਮ–ਖ਼ੁਮਾਰੀ

ਆਤਮਿਕ ਚਾਉ

ਪਰਮ ਪਦ

ਆਦਿ ਦਾ 'ਵਣਜ–ਵਪਾਰ' ਅਤੇ 'ਲੇਵਾ–ਦੇਵੀ' ਹੋਵੇ, ਉਸ ਨੂੰ ਹੀ 'ਸਾਧ ਸੰਗਤ' ਜਾਂ 'ਸਤ ਸੰਗਤ' ਕਿਹਾ ਜਾ ਸਕਦਾ ਹੈ ਅਤੇ ਇਹ ਆਤਮਿਕ ਠੰਢ ਦਾ ਪ੍ਰਤੀਕ ਹੈ।

ਗੁਰਬਾਣੀ ਵਿਚ ਐਸੀ ਹੀ ਸੰਗਤ ਕਰਨ ਦੀ ਵਡਿਆਈ ਤੇ ਪ੍ਰੇਰਨਾ ਕੀਤੀ ਗਈ ਹੈ—

ਸਤ ਸੰਗਤਿ ਕੈਸੀ ਜਾਣੀਐ ॥
ਜਿਥੈ ਏਕੋ ਨਾਮੁ ਵਖਾਣੀਐ ॥ (ਪੰਨਾ–72)

ਮਨੁ ਅਸਮਝੁ ਸਾਧਸੰਗ ਪਤੀਸੰਗਿ ਪਤੀਆਨਾ ॥ (ਪੰਨਾ–89●)

ਸਤਸੰਗਤਿ ਮਹਿ ਨਾਮੁ ਨਿਰਮੋਲਕੁ ਵਡੈ ਭਾਗਿ ਪਾਇਆ ਜਾਈ ॥
(ਪੰਨਾ–9●9)

ਕਹੁ ਨਾਨਕ ਜਉ ਸਾਧਸੰਗੁ ਪਾਇਆ ॥
ਬੂਝੀ ਤ੍ਰਿਸਨਾ ਮਹਾ ਸੀਤਲਾਇਆ ॥ (ਪੰਨਾ–913)

ਮਿਲਿ ਸਤਸੰਗਿ ਪਰਮ ਪਦੁ ਪਾਇਆ ਗਢਿ ਮਾਖਨ ਕੇ ਗਟਕਾਰੇ ॥
(ਪੰਨਾ–983)

ਸਤ ਸੰਗਤਿ ਕੈ ਆਸਰੈ ਪ੍ਰੀਤਿ ਸਾਧ ਅਤਿ ਗੂੜੀ ਜਿਉ ਰੰਗੁ ਮਜੀਠ ਬਹੁ ਲਾਗਾ ॥

(ਪੰਨਾ-985)

ਸਾਧ ਸੰਗਤਿ ਕੈ ਆਸਰੈ ਪ੍ਰਭ ਸਿਉ ਰੰਗੁ ਲਾਏ ॥ (ਪੰਨਾ-966)

ਮਿਲਿ ਸੰਗਤਿ ਸਰਧਾ ਊਪਜੈ ਗੁਰ ਸਬਦੀ ਹਰਿ ਰਸੁ ਚਾਖੁ ॥

(ਪੰਨਾ-997)

ਜੇ ਲੋੜਹਿ ਸਦਾ ਸੁਖੁ ਭਾਈ ॥
ਸਾਧੂ ਸੰਗਤਿ ਗੁਰਹਿ ਬਤਾਈ ॥
ਊਹਾ ਜਪੀਐ ਕੇਵਲ ਨਾਮ ॥
ਸਾਧੂ ਸੰਗਤਿ ਮਿਲਿ ਹਰਿ ਰਸੁ ਪਾਇਆ ॥
ਪਾਰਬ੍ਰਹਮ ਰਿਦ ਮਾਹਿ ਸਮਾਇਆ ॥ (ਪੰਨਾ-1348)

ਇਸ ਪ੍ਰੇਮ-ਸਵੈਪਨਾ ਵਾਲੇ ਇਲਾਹੀ ਮੰਡਲ ਵਿਚ ਦਿਮਾਗੀ ਫੋਕੇ ਗਿਆਨ ਦੀ ਪਹੁੰਚ ਨਹੀ—ਕਿਉਂਕਿ ਸਾਡੀਆਂ ਪਦਮਾਗੀ ਉਕਤੀਆਂ, ਜੁਗਤੀਆਂ ਫਿਲਾਸਫੀਆਂ ਅਤੇ ਸਿਆਣਪਾਂ ਦੇ 'ਖੰਭ', ਆਤਮਿਕ ਮੰਡਲ ਦੇ ਇਲਾਹੀ ਪ੍ਰਕਾਸ਼ ਦੀਆਂ 'ਲਿਸ਼ਕਾਂ' ਅਥਵਾ 'ਕਿਰਨਾਂ' ਨਾਲ 'ਸੜ' ਜਾਂਦੇ ਹਨ।

ਜਿਸ ਤਰ੍ਹਾਂ ਕਿ ਪਹਿਲਾਂ ਦਸਿਆ ਜਾ ਚੁਕਿਆ ਹੈ, ਕਿ ਬਿਰਤੀਆਂ ਦੇ ਬਾਹਰਮੁਖੀ ਦੌੜਨ ਕਾਰਨ, ਇਨਸਾਨ ਦਾ ਮਨ ਅਤਿਅੰਤ ਨਿਰਬਲ ਹੋ ਜਾਂਦਾ ਹੈ ਅਤੇ ਮਾਇਕੀ ਗਿਲਾਨੀ ਦੇ ਕਾਰਨ—ਇਨਸਾਨ ਦੀ ਨਿਰਨਾ ਸ਼ਕਤੀ ਅਤੇ 'ਜੀਵਨ-ਸੇਧ' ਭੀ ਮਾਇਕੀ ਰੰਗਣ ਵਾਲੀ ਹੋ ਜਾਂਦੀ ਹੈ।

ਸਹੀ ਆਤਮਿਕ 'ਜੀਵਨ-ਸੇਧ' ਨਾ ਹੋਣ ਕਰਕੇ ਇਨਸਾਨ ਦੀ—

ਸੋਚਣੀ
ਖਿਆਲ
ਨਿਰਨਾ
ਖ਼ੁਆਹਿਸ਼ਾਂ
ਰੀਝਾ
ਚੁਣੌਤੀਆਂ
ਫੈਸਲੇ
ਨਿਸਚੇ
ਸ਼ਰਧਾ

ਭਾਵਨੀਆਂ

ਗਲਤ ਹੋ ਸਕਦੀਆਂ ਹਨ ਅਤੇ ਸਾਡੇ ਮਨ ਨੂੰ ਮਾਇਕੀ ਮੰਡਲ ਤੋਂ ਉਪਰ ਨਹੀਂ ਲੈ ਜਾ ਸਕਦੀਆਂ।

Our so called beliefs and faiths are based on flimsy dogmatic mental ideas and hypothesis, which change from time to time according to outer circumstances, and have NO ROOTS in TRUE ETERNAL changeless FOUNDATION of DIVINITY.

ਅਕਾਲ ਪੁਰਖ ਅਤੇ ਉਸ ਦੇ 'ਗੁਰ-ਪ੍ਰਸਾਦਿ' ਦਾ 'ਵਿਸ਼ਵਾਸ' ਹੀ, ਸਾਡੇ ਨਿਸਚੇ, ਭਰੋਸੇ ਅਤੇ ਸ਼ਰਧਾ-ਭਾਵਨੀ ਦੀ ਸੱਚੀ-ਸੁੱਚੀ ਅੱਟਲ ਬੁਨਿਆਦ ਹੈ।

ਇਸ ਤੋਂ ਬਗੈਰ, ਹੋਰ ਮਾਇਕੀ ਦਿਮਾਗੀ 'ਨਿਸਚੇ'—

ਕੂੜੇ ਫੋਕੇ
ਬੇ-ਬੁਨਿਆਦ
ਜੜ-ਹੀਨ
ਬਦਲਵੇਂ

ਹਨ, ਗੁੱਝੀ ਮਾਨਸਿਕ ਅੱਗ ਦੀ ਬੁਨਿਆਦ ਹਨ।

ਜਾ ਕੈ ਰਿਦੈ ਬਿਸ੍ਰੂ ਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥ (ਪੰਨਾ-285)

ਜਦ ਸਾਡੀ 'ਨਿਰਣਾ ਸ਼ਕਤੀ' ਹੀ ਮਾਇਕੀ ਨਿਸਚਿਆਂ ਤੇ ਅਧਾਰਤ ਹੈ, ਤਾਂ ਸਾਡੀਆਂ ਦਿਮਾਗੀ ਸਿਆਣਪਾਂ ਯਾ ਵਿਦਵਤਾ, ਸਾਨੂੰ ਤ੍ਰੈ-ਗੁਣੀ ਮਾਇਕੀ ਦਾਇਰੇ ਤੋਂ ਅਗੇਰੇ ਨਹੀਂ ਲੈ ਜਾ ਸਕਦੀਆਂ ਅਤੇ ਆਤਮਿਕ ਮੰਡਲ ਦੀ ਸਹੀ 'ਜੀਵਨ-ਸੇਧ' ਤੋਂ ਅਸਮਰਥ ਹਨ।

ਆਤਮਿਕ ਮੰਡਲ ਦਾ ਅਨੁਭਵੀ ਗਿਆਲ ਯਾ ਇਲਾਹੀ 'ਝਲਕ' ਸਿਰਫ਼ ਤੱਤ ਜੋਗ ਕੇ ਬੇਤੇ, ਬਖਸ਼ੇ ਹੋਹੇ ਗੁਰਮੁਖ ਪਿਆਰਿਆਂ ਦੀ ਸੰਗਤ ਨਾਲ

ਹੀ ਮਿਲ ਸਕਦੀ ਹੈ। ਇਸ ਇਲਾਹੀ ਪ੍ਰਕਾਸ਼ ਦੇ ਮੰਡਲ ਵਿਚ ਇਨਸਾਨ ਦੇ ਦਿਮਾਗੀ—

ਗਿਆਨ
ਵਿਦਵਤਾ
ਵਿਗਿਆਨ
ਸਿਆਣਪ
ਉਕਤੀਆਂ
ਜੁਗਤੀਆਂ
ਫਿਲਾਸਫ਼ੀਆਂ
ਦਲੀਲਾਂ

ਦੀ ਪਹੁੰਚ ਨਹੀਂ ਹੈ।

Our intellectual approach to outer dogmatic religion, can at best, take us to the outer courtyard of Divine Realm, but is unable to introduce and usher our souls into the Inner Mansions of God's Kingdom.

ਇਸ ਦਾ ਪੰਜਾਬੀ ਵਿਚ ਅਨੁਵਾਦ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ—

"ਸਾਡਾ ਦਿਮਾਗੀ ਗਿਆਨ ਸਾਨੂੰ ਜ਼ਿਆਦਾ ਤੋਂ ਜ਼ਿਆਦਾ ਆਤਮਿਕ ਮੰਡਲ ਦੇ 'ਬਾਹਰਲੇ ਵੇਹੜੇ' ਦੀ 'ਟੋਹ' ਜਾਂ 'ਸੇਧ' ਦੇ ਸਕਦਾ ਹੈ, ਉਸ ਤੋਂ ਅੱਗ ਨਹੀਂ!!"

ਜਿੰਨਾ ਚਿਰ ਸਾਡੇ ਮਨ ਉਤੇ ਅੰਤ੍ਰ-ਆਤਮੇ ਨਾਮ ਦਾ ਆਤਮ-ਪ੍ਰਕਾਸ਼ ਨਹੀਂ ਹੁੰਦਾ— ਉਦੋਂ ਤਾਂਈ ਅਸੀਂ ਮਾਇਕੀ 'ਮਿਥਨ-ਮੋਹ-ਅਗਨਿ-ਸੋਕ-ਸਾਗਰ' ਵਿਚ ਹੀ ਜਲਦੇ-ਬਲਦੇ-ਸੜਦੇ ਰਹਾਂਗੇ ਅਤੇ 'ਖੁਨਕ ਨਾਮ ਖੁਦਾਇਆ' ਦੀ ਠੰਢ ਨਹੀਂ ਮਾਣ ਸਕਦੇ।

ਜਿਸ ਤਰ੍ਹਾਂ ਪਿਛੇ ਦਸਿਆ ਜਾ ਚੁਕਿਆ ਹੈ, ਕਿ—

ਮਾਇਕੀ ਮੰਡਲ

'ਆਤਸ ਦੁਨਿਆ'

'ਕਲਿ ਤਾਤੀ'

ਅਗਨ-ਕੁੰਟ

ਅਗਨ-ਸੋਕ-ਸਾਗਰ

ਪਾਵਕ-ਸਾਗਰ

ਵਿਚੋਂ ਨਿਕਲਣ ਦਾ, ਅਤੇ —

'ਖੁਨਕ ਨਾਮੁ ਖੁਦਾਇਆ'

'ਠਾਂਢਾ ਹਰਿ ਨਾਉ'

ਬੇਗਮ-ਪੁਰਾ

ਨਾਮ-ਪ੍ਰਕਾਸ਼

ਪ੍ਰੇਮ-ਸਵੈਪਨਾ ਦੇ ਦੇਸ਼

ਇਲਾਹੀ ਮੰਡਲ

ਵਿਚ ਪ੍ਰਵੇਸ਼ ਕਰਨ ਦਾ ਸਭ ਤੋਂ ਸੌਖਾ ਅਤੇ ਜਰੂਰੀ ਸਾਧਨ 'ਸਾਧ ਸੰਗਤ' ਅਥਵਾ ਬਖਸ਼ਿਆ ਹੋਇਆਂ, ਗੁਰਮੁਖ ਪਿਆਰਿਆਂ — ਮਹਾਂਪੁਰਖਾਂ ਦੀ 'ਸੰਗਤ' ਹੀ ਦੱਸੀ ਗਈ ਹੈ।

ਸਾਡੇ ਖਿਆਲਾਂ ਵਿਚ ਸ਼ਕਤੀ ਹੈ। ਕਮਾਏ ਹੋਏ ਖਿਆਲ ਅਤਿਅੰਤ ਸ਼ਕਤੀਮਾਨ ਹੋ ਜਾਂਦੇ ਹਨ। ਇਸੇ ਲਈ ਨਾਮ ਅਭਿਆਸ ਕਮਾਈ ਵਾਲੇ ਬਖਸ਼ੇ ਹੋਏ ਗੁਰਮੁਖ ਪਿਆਰਿਆਂ ਦੇ ਖਿਆਲਾਂ, ਕਲਪਨਾ, ਇਛਾ, ਰੀਝਾਂ ਅਤੇ ਅਸ਼ੀਰਵਾਦ ਦੇ ਪਿਛੇ ਬੇਅੰਤ ਸ਼ਕਤੀ ਹੁੰਦੀ ਹੈ। ਉਹਨਾਂ ਦੇ 'ਨੇੜੇ' ਯਾ 'ਸੰਗਤ' ਵਿਚ ਅਨੇਕਾਂ ਆਤਮਿਕ ਕਿਰਨਾਂ (Spiritual rays) ਦਾ ਪ੍ਰਕਾਸ਼ ਹੁੰਦਾ ਹੈ ਯਾ 'ਪਾਰਸ ਕਲਾ' ਦੀ ਦਾਮਨਿਕ ਸ਼ਕਤੀ ਹੁੰਦੀ ਹੈ, ਜੋ ਹੋਣਹਾਰ ਅਭਿਲਾਖੀ ਜਿਗਿਆਸੂਆਂ ਦੀਆਂ ਰੂਹਾਂ ਉਤੇ ਸਹਿਜ-ਸੁਭਾਇ ਆਤਮਿਕ ਅਸਰ ਪਾਉਂਦੀਆਂ ਹਨ ਅਤੇ ਇਨ੍ਹਾਂ ਦਾਮਲਿਕ ਇਲਾਹੀ ਕਿਰਨਾਂ ਨਾਲ ਜਗਿਆਸੂਆਂ ਦੇ ਮਨ ਦੀ ਮੈਲ ਸੜ ਜਾਂਦੀ ਹੈ ਅਤੇ ਉਹਨਾਂ ਦਾ ਮਨ ਇਕੱਠਾ ਹੋ ਕੇ ਸ਼ਾਂਤੀ ਅਤੇ ਠੰਢ ਮਹਿਸੂਸ ਕਰਦਾ ਹੈ।

ਠਾਂਢਿ ਪਰੀ ਸੰਤਹ ਸੰਗਿ ਬਸਿਆ ॥

ਅੰਮ੍ਰਿਤ ਨਾਮੁ ਤਹਾ ਜੀਅ ਰਸਿਆ ॥ (ਪੰਨਾ-256)

ਏਕੁ ਬੋਲੁ ਭੀ ਖਵਤੈ ਨਾਹੀ ਸਾਧ ਸੰਗਤਿ ਸੀਤਲਈ ॥ (ਪੰਨਾ-4●2)

ਗਤੁ ਭਰਮੁ ਮੋਹ ਬਿਕਾਰ ਬਿਨਸੇ ਜੋਨਿ ਆਵਣ ਸਭ ਰਹੇ ॥
ਅਗਨਿ ਸਾਗਰ ਭਏ ਸੀਤਲ ਸਾਧ ਅੰਚਲ ਗਹਿ ਰਹੇ ॥ (ਪੰਨਾ-458)

ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ ॥
ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ ॥
(ਪੰਨਾ-1357)

ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ॥
(ਪੰਨਾ-52●)

ਇਸ ਤਰ੍ਹਾਂ ਜਗਿਆਸੂਆਂ ਦੇ ਅੰਤ੍ਰ-ਆਤਮੇ ਸਹਿਜ-ਸੁਭਾਇ, ਆਪ-ਮੁਹਾਰੇ ਅਨਹਦ-ਟਾਮ-ਸਿਮਰਨ ਦੀ ਅਕਲ-ਕਲਾ ਚਲ ਪੈਂਦੀ ਹੈ।

ਮਹਾਂ ਪੁਰਖਾਂ ਦੀ ਆਤਮਿਕ ਸ਼ਕਤੀ ਨਾਲ ਭਰਪੂਰ—

ਤੱਕਣੀ
ਬਚਨ
ਛੋਹ
ਖਿਆਲ
ਨਿਸਚੇ
ਜੀਵਨ ਕਿਰਨਾਂ
ਜੀਵਨ-ਰੌਂ

ਰਾਹੀਂ, ਅਭਿਲਾਖੀ ਜਗਿਆਸੂ ਦੀ 'ਰੂਹ' ਨੂੰ—

ਪ੍ਰੇਰਨਾ
ਅਗਵਾਈ
ਸਹਾਇਤਾ
ਬਖਸ਼ਿਸ਼

'ਜੀਅ ਦਾਨ'

ਪਾਰਸ 'ਛੋਹ'

ਚੁਪ-ਪ੍ਰੀਤ

ਪ੍ਰਦਾਨ ਹੁੰਦੀ ਹੈ ਅਤੇ ਸਹਿਜ-ਸੁਭਾਇ ਜਗਿਆਸੂ ਦਾ ਜੀਵਨ ਬਦਲ ਜਾਂਦਾ ਹੈ ਅਤੇ ਆਤਮਿਕ ਮੰਡਲ ਵੱਲ 'ਖਿੱਚੀਂਦਾ' ਜਾਂਦਾ ਹੈ।

ਇਸ ਤਰ੍ਹਾਂ ਆਤਮਿਕ ਮੰਡਲ ਦੀ ਸਤਾਹ ਤੇ—

ਅਭਿਲਾਖੀ ਜਗਿਆਸੂਆਂ ਅਤੇ ਗੁਰਮੁਖ ਪਿਆਰਿਆਂ

ਦੇ

'ਮੇਲ' ਅਥਵਾ 'ਸੰਗਤ'

ਦੁਆਰਾ, ਇਹਨਾ ਦੇ ਵਿਚਕਾਰ—

ਆਤਮ-ਪਿਆਰ

ਪ੍ਰੇਮ-ਸਵੈਪਨਾਂ

ਪ੍ਰਿਮ-ਰਸ

ਆਤਮ-ਰੰਗ

ਸ਼ਬਦ

ਨਾਮ

ਦੀਆਂ ਇਲਾਹੀ ਵਸਤੂਆਂ ਦੀ—

'ਲੇਵਾ-ਦੇਵੀ'

'ਬਿਉਹਾਰ'

'ਵਣਜ'

'ਵਪਾਰ'

'ਸਾਂਝ'

ਅਥਵਾ ਅੰਤ੍ਰ-ਆਤਮੇ ਦੇ 'ਸੌਦੇ'—

ਸਹਿਜ–ਸੁਭਾਇ
ਅਣਜਾਣੇ
ਚੁਪ–ਚੁਪੀਤੇ
ਅਦਿਖ
ਅਣ–ਸੁਣੇ
ਅਬੋਲ
ਅਭੋਲ
ਅਛੋਪ

ਹੀ ਹੁੰਦੇ ਰਹਿੰਦੇ ਹਨ।

ਗੁਰਬਾਣੀ ਵਿਚ ਇਸ ਵਿਚਾਰ ਦੀ ਇਉਂ ਪ੍ਰੋੜ੍ਹਤਾ ਕੀਤੀ ਗਈ ਹੈ—

ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥
ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥
(ਪੰਨਾ–614)

ਸੁਖਿ ਬੈਸਹੁ ਸੰਤ ਸਜਨ ਪਰਵਾਰੁ ॥
ਹਰਿ ਧਨੁ ਖਾਟਿਆ ਜਾ ਕਾ ਨਾਹਿ ਸੁਮਾਰੁ ॥ (ਪੰਨਾ–185)

ਪ੍ਰੇਮ ਭਗਤਿ ਨਾਨਕ ਸੁਖੁ ਪਾਇਆ ਸਾਧੂ ਸੰਗਿ ਸਮਾਈ ॥
(ਪੰਨਾ–384)

ਨਾਨਕ ਹਰਿ ਜਸ ਹਰਿ ਗੁਣ ਲਾਹਾ ਸਤਸੰਗਤਿ ਸਚੁ ਫਲੁ ਪਾਇਆ ॥
(ਪੰਨਾ–1040)

ਗੁਰਬਾਣੀ ਵਿਚ ਸਾਧ ਸੰਗਤ ਦੀ ਇਉਂ ਵਡਿਆਈ ਕੀਤੀ ਹੈ—

ਸੰਤ ਸੰਗਿ ਹਰਿ ਮਨਿ ਵਸੈ ॥
ਦੁਖੁ ਦਰਦੁ ਅਨੇਰਾ ਭ੍ਰਮ ਨਸੈ ॥ (ਪੰਨਾ–211)

ਸਤਸੰਗਤਿ ਮਹਿ ਹਰਿ ਉਸਤਤਿ ਹੈ ਸੰਗਿ ਸਾਧੂ ਮਿਲੇ ਪਿਆਰਿਆ ॥
ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ ਪਾਉਪਕਾਰਿਆ॥
ਹਰਿ ਨਾਮੁ ਦ੍ਰਿੜਾਵਹਿ ਹਰਿ ਨਾਮੁ ਸੁਣਾਵਹਿ
ਹਰਿ ਲਾਮੇ ਜਗੁ ਨਿਸਤਾਰਿਆ ॥ (ਪੰਨਾ–311)

ਜੋ ਹਰਿ ਰਾਤੇ ਸੇ ਜਨ ਪਰਵਾਣੁ ॥
ਤਿਨ ਕੀ ਸੰਗਤਿ ਪਰਮ ਨਿਧਾਨੁ ॥ (ਪੰਨਾ–353)

ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ ॥
(ਪੰਨਾ–505)

ਭਇਓ ਕ੍ਰਿਪਾਲ ਸਤਿ ਸੰਗਤਿ ਮਿਲਾਇਆ ॥
ਬੂਝੀ ਤਪਤਿ ਘਰਹਿ ਪਿਰੁ ਪਾਇਆ ॥ (ਪੰਨਾ–738)

ਠਾਂਢਿ ਪਰੀ ਸੰਤਹ ਸੰਗਿ ਬਸਿਆ ॥
ਅੰਮ੍ਰਿਤ ਨਾਮੁ ਤਹਾ ਜੀਅ ਰਸਿਆ ॥ (ਪੰਨਾ–256)

ਅਗਨਿ ਸਾਗਰ ਭਏ ਸੀਤਲ ਸਾਧ ਅੰਚਲ ਗਹਿ ਰਹੇ ॥ (ਪੰਨਾ–458)

ਸੰਤ ਸੰਗਿ ਜਾ ਕਾ ਮਨੁ ਸੀਤਲੁ ਓਹੁ ਜਾਣੈ ਸਗਲੀ ਠਾਂਢੀ ॥
(ਪੰਨਾ–610)

ਤਦੇ ਗੁਰਬਾਣੀ ਵਿਚ 'ਸਾਧ ਸੰਗਤ' ਲਈ ਸਾਨੂੰ ਇਉਂ ਜਾਚਨਾ ਕਰਨੀ ਸਿਖਾਈ ਹੈ—

ਹਰਿ ਜੀਉ ਆਗੈ ਕਰੀ ਅਰਦਾਸਿ ॥
ਸਾਧੂ ਜਨ ਸੰਗਤਿ ਹੋਇ ਨਿਵਾਸੁ ॥ (ਪੰਨਾ–415)

ਕਹੁ ਨਾਨਕ ਪ੍ਰਭ ਬਖਸ ਕਰੀਜੈ ॥
ਕਰਿ ਕਿਰਪਾ ਮੋਹਿ ਸਾਧ ਸੰਗੁ ਦੀਜੈ ॥ (ਪੰਨਾ–738)

ਕਰਿ ਕਿਰਪਾ ਮੋਹਿ ਮਾਰਗਿ ਪਾਵਹੁ ॥
ਸਾਧ ਸੰਗਤਿ ਕੈ ਅੰਚਲਿ ਲਾਵਹੁ ॥ (ਪੰਨਾ–801)

ਵਡਭਾਗੀ ਹਰਿ ਨਾਮੁ ਧਿਆਵਹਿ ਹਰਿ ਕੇ ਭਗਤ ਹਰੇ ॥
ਤਿਨ ਕੀ ਸੰਗਤਿ ਦੇਹਿ ਪ੍ਰਭ ਜਾਚਉ ਮੈ ਮੂੜ ਮੁਗਧ ਨਿਸਤਰੇ ॥
(ਪੰਨਾ–975)

ਐਸੀ ਮਾਂਗੁ ਗੋਬਿਦ ਤੇ ॥
ਟਹਲ ਸੰਤਨ ਕੀ ਸੰਗੁ ਸਾਧੂ ਕਾ ਹਰਿ ਨਾਮਾਂ ਜਪਿ ਪਰਮ ਗਤੇ ॥
(ਪੰਨਾ–1298)

(ਚਲਦਾ......)